# भगत दी महिमा

हो, कर कर हवन सी देवते, जद माँ नु प्रसन लगे,
केह्न्दे /लै बाई, चिन्ता पुरनी भवन ते, फुल बरसन लगे,

हो,, इक शंभू नामी भगत सी, चल दिल्लीयों आया,
केह्न्दे /लै बाई, खिच के माँ दे प्यार ने, सी कोल बुलाया ,

हो,, ज्योति माँ दे नूर दी, दुनियां विच जगे ,
केह्न्दे /लै बाई, रखी जीभा कट के, उस माँ दे अगे ,

हो, फड़के चाकू जीब सी, ओहने एदा कट्टी ,
केह्न्दे /लै बाई, जिदा रुगा कनक दा, हो वढे जट्टी ,

हो,, फिर ओहदे मुंहो खून दी, एदा तासीर सी फुट्टी ,
केह्न्दे /लै बाई, जिदा झीलों निकल के, कोई नहर सी टुट्टी ,

हो,, मंदिर दे ओह भोजकी, पए करन विचारां ,
केह्न्दे /लै बाई, खबर होई ते खडकीयाँ, चोंह पासे तारां ,

हो,, लाल लहू नाल हो गया, सी मंदिर सारा ,
केह्न्दे /लै बाई, एदा तडफे भगत ओह, जियों तड़फे पारा ,

हो,, भगत दे सी प्यार ने, जद जंजीरा पाइयां ,
केह्न्दे /लै बाई, नॉवे दुरगा शकतियां, हो इकठीया आइयाँ ,

हो,, धर्म नाल कहंदे ने, बई सवेर दे तडके ,
केह्न्दे /लै बाई, इक मिनट लई मंदिर विच सी, घंटे खड़के ,

हो,, पिंडी विचो ज्योत सी, फिर जवाला दी जगी ,
केह्न्दे /लै बाई, चड़ गई जीभा भगत दी, फिर देर ना लगी ,

हो,, महिमा माँ दे नाम दी, जद भगत ने गाई ,
केह्न्दे /लै बाई, मंदिर विच विराज्दी, जग जननी माई ,

**ਹੋ,, ਕਰ ਕਰ, ਹਵਨ ਸੀ ਦੇਵਤੇ, ਜਦ ਮਾਂ ਨੂੰ ਪਰਸਨ ਲੱਗੇ ,**
**ਕਹਿੰਦੇ / ਲੈ ਬਈ, ਚਿੰਤਾ ਪੁਰਨੀ ਭਵਨ ਤੇ, ਫੁੱਲ ਬਰਸਣ ਲੱਗੇ ॥**

**ਹੋ,, ਇੱਕ ਸ਼ੰਭੂ ਨਾਮੀਂ, ਭਗਤ ਸੀ, ਚੱਲ ਦਿੱਲੀਓਂ ਆਇਆ ,**
**ਕਹਿੰਦੇ / ਲੈ ਬਈ, ਖਿੱਚ ਕੇ ਮਾਂ ਦੇ, ਪਿਆਰ ਨੇ, ਸੀ ਕੋਲ ਬੁਲਾਇਆ ॥**

**ਹੋ,, ਜਯੋਤੀ ਮਾਂ ਦੇ ਨੂਰ ਦੀ, ਦੁਨੀਆਂ ਵਿੱਚ ਜੱਗੇ ,**
**ਕਹਿੰਦੇ / ਲੈ ਬਈ, ਰੱਖੀ ਜੀਭਾ ਕੱਟ ਕੇ, ਉਸ ਮਾਂ ਦੇ ਅੱਗੇ ,**

ਹੋ,, ਫੜ੍ਹਕੇ ਚਾਕੂ, ਜੀਭ ਸੀ, ਓਹਨੇ ਐਦਾਂ ਕੱਟੀ ,
ਕਹਿੰਦੇ / ਲੈ ਬਈ, ਜਿੱਦਾਂ ਰੁੱਗਾਂ ਕਣਕ ਦਾ, ਹੋ ਵੱਢੇ ਜੱਟੀ ॥

ਹੋ,, ਫਿਰ, ਓਹਦੇ ਮੂੰਹੋਂ ਖੂਨ ਦੀ, ਐਦਾਂ ਤਾਸੀਰ ਸੀ ਫੁੱਟੀ ,
ਕਹਿੰਦੇ / ਲੈ ਬਈ, ਜਿੱਦਾਂ ਝੀਲੋਂ ਨਿਕਲ ਕੇ, ਕੋਈ ਨਹਿਰ ਹੈ ਟੁੱਟੀ ॥

ਹੋ,, ਮੰਦਿਰ ਦੇ ਓਹ ਭੋਜਕੀ, ਪਏ ਕਰਨ ਵਿਚਾਰਾਂ ,
ਕਹਿੰਦੇ / ਲੈ ਬਈ, ਖਬਰ ਹੋਈ ਤੇ ਖੜ੍ਹਕੀਆਂ, ਚੌਂਹ ਪਾਸੇ ਤਾਰਾਂ ॥

ਹੋ,, ਲਾਲ ਲਹੂ ਨਾਲ ਹੋ ਗਿਆ, ਸੀ ਮੰਦਿਰ ਸਾਰਾ ॥
ਕਹਿੰਦੇ / ਲੈ ਬਈ, ਐਦਾਂ ਤੜਫੇ ਭਗਤ ਓਹ, ਜਿਓਂ ਤੜਫੇ ਪਾਰਾ ॥

ਹੋ,, ਭਗਤ ਦੇ ਸੀ, ਪਿਆਰ ਨੇ ਜਦ, ਜ਼ੰਜ਼ੀਰਾਂ ਪਾਈਆਂ ,
ਕਹਿੰਦੇ / ਲੈ ਬਈ, ਨੌਂਵੇਂ ਦੁਰਗਾ ਸ਼ਕਤੀਆਂ, ਹੋ ਇਕੱਠੀਆਂ ਆਈਆਂ ॥

ਹੋ,, ਧਰਮ ਨਾਲ, ਕਹਿੰਦੇ ਨੇ, ਬਈ ਸਵੇਰ ਦੇ ਤੜ੍ਹਕੇ ,
ਕਹਿੰਦੇ / ਲੈ ਬਈ, ਇੱਕ ਮਿੰਟ ਲਈ, ਮੰਦਿਰ ਵਿੱਚ ਸੀ, ਘੰਟੇ ਖੜ੍ਹਕੇ ॥

ਹੋ,, ਪਿੰਡੀ ਵਿੱਚੋਂ ਜੋਤ ਸੀ, ਫਿਰ ਜਵਾਲਾ ਦੀ ਜੱਗੀ ,
ਕਹਿੰਦੇ / ਲੈ ਬਈ, ਚੜ੍ਹ ਗਈ, ਜੀਭ੍ਹਾ ਭਗਤ ਦੀ, ਫਿਰ ਦੇਰ ਨਾ ਲੱਗੀ ॥

ਹੋ,, ਮਹਿਮਾ ਮਾਂ ਦੇ ਨਾਮ ਦੀ, ਜਦ ਭਗਤ ਨੇ ਗਾਈ,
ਕਹਿੰਦੇ / ਲੈ ਬਈ, ਮੰਦਿਰ ਵਿੱਚ ਵਿਰਾਜ਼ਦੀ, ਜੱਗ ਜੰਨਨੀ ਮਾਈ ॥

ਅਪਲੋਡਰ-ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/12811/title/bhagat-di-mahima

अपने Android मोबाइल पर BhajanGanga App डाउनलोड करें और भजनों का आनंद ले |